# ਨਿਊਜ਼ ਰਿਲੀਜ਼

# ਆਓ ਯੋਜਨਾ ਬਣਾਈਏ: ਅਲਬਰਟਾ ਬਜਟ 2024

27 ਨਵੰਬਰ, 2023 ਮੀਡੀਆ ਪੁੱਛਗਿੱਛ

## ਸਰਕਾਰ ਦੁਆਰਾ ਬਜਟ 2024 ਨੂੰ ਵਿਕਸਤ ਕਰਨ ਵੇਲੇ ਅਲਬਰਟਾ ਨਿਵਾਸੀਆਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਅਲਬਰਟਾ ਨਿਵਾਸੀਆਂ ਤੋਂ ਫੀਡਬੈਕ ਬਜਟ ਪ੍ਰਕਿਰਿਆ ਦਾ ਇਕ ਮਹੱਤਵਪੂਰਣ ਹਿੱਸਾ ਹੈ ਅਤੇ ਸੂਬੇ ਦੀਆਂ ਵਿੱਤੀ ਤਰਜੀਹਾਂ ਨਿਰਧਾਰਤ ਕਰਨ ਵਿਚ ਸਹਾਇਤਾ ਕਰੇਗਾ। ਬਜਟ 2024, ਬਜਟ ਨੂੰ ਸੰਤੁਲਿਤ ਕਰਨ, ਵਿਕਾਸ ਦੇ ਦਬਾਵਾਂ ਨੂੰ ਦੂਰ ਕਰਨ, ਜੀਵਨ ਨੂੰ ਕਿਫਾਇਤੀ ਰੱਖਣ ਅਤੇ ਅਲਬਰਟਾ ਨਿਵਾਸੀਆਂ ਦੇ ਲਈ ਖੜ੍ਹੇ ਰਹਿਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਅੱਗੇ ਵਧਾਏਗਾ।

ਅਲਬਰਟਾ ਨਿਵਾਸੀਆਂ ਨੂੰ ਬਜਟ 2024 ਆਨਲਾਈਨ ਸਰਵੇਖਣ ਨੂੰ ਭਰਨ ਅਤੇ ਟ੍ਰੇਜ਼ਰੀ ਬੋਰਡ ਦੇ ਪ੍ਰਧਾਨ ਅਤੇ ਵਿੱਤ ਮੰਤਰੀ ਨੈਟ ਹੌਰਨਰ ਨਾਲ ਟੈਲੀਫੋਨ ਟਾਊਨ ਹਾਲਾਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਕਾਰੋਬਾਰ, ਨਗਰਪਾਲਿਕਾਵਾਂ, ਉਦਯੋਗ ਅਸੋਸੀਏਸ਼ਨਾਂ, ਕਮਿਊਨਿਟੀ ਸੰਸਥਾਵਾਂ ਅਤੇ ਹੋਰ ਸਮੂਹ ਇੱਕ ਆਨਲਾਈਨ ਪੋਰਟਲ ਰਾਹੀਂ ਆਪਣੀਆਂ ਸੰਸਥਾਵਾਂ ਦੀ ਤਰਫੋਂ ਬਜਟ ਸਬਮਿਸ਼ਨਾਂ ਭੇਜ ਸਕਦੇ ਹਨ।

“ਬਜਟ 2024 ਇੱਕ ਲਚਕੀਲੀ ਅਰਥਵਿਵਸਥਾ ਦਾ ਨਿਰਮਾਣ ਜਾਰੀ ਰੱਖਣ, ਅਲਬਰਟਾ ਨਿਵਾਸੀਆਂ ਲਈ ਸੇਵਾਵਾਂ ਨੂੰ ਮਜ਼ਬੂਤ ਕਰਨ, ਵਧੇਰੇ ਨਿਵੇਸ਼ ਨੂੰ ਆਕਰਸ਼ਤ ਕਰਨ ਅਤੇ ਨੌਕਰੀਆਂ ਪੈਦਾ ਕਰਨ ਦਾ ਇੱਕ ਮੌਕਾ ਹੈ। ਤੁਹਾਡਾ ਇੰਪੁੱਟ ਇਹ ਨਿਰਧਾਰਤ ਕਰਨ ਵਿੱਚ ਮਹੱਤਵਪੂਰਣ ਹੈ ਕਿ ਅਸੀਂ ਆਪਣੀ ਅਰਥਵਿਵਸਥਾ ਨੂੰ ਕਿਵੇਂ ਅੱਗੇ ਵਧਾਵਾਂਗੇ ਤਾਂ ਜੋ ਹਰ ਅਲਬਰਟਾ ਨਿਵਾਸੀ ਸਾਡੀ ਖੁਸ਼ਹਾਲੀ ਅਤੇ ਜ਼ਿੰਮੇਵਾਰ ਵਿੱਤੀ ਪ੍ਰਬੰਧਨ ਤੋਂ ਲਾਭ ਲੈ ਸਕੇ। ਮੈਂ ਇਹ ਸੁਣਨ ਲਈ ਉਤਸੁਕ ਹਾਂ ਕਿ ਬਜਟ 2024 ਲਈ ਤੁਹਾਡੇ ਅਤੇ ਤੁਹਾਡੇ ਭਾਈਚਾਰੇ ਲਈ ਕੀ ਮਹੱਤਵਪੂਰਨ ਹੈ।”

*ਨੇਟ ਹੌਰਨਰ, ਟ੍ਰੇਜ਼ਰੀ ਬੋਰਡ ਦੇ ਪ੍ਰਧਾਨ ਅਤੇ ਵਿੱਤ ਮੰਤਰੀ*

ਸੁਣਨਾ, ਬਜਟ ਪ੍ਰਕਿਰਿਆ ਦੇ ਲਈ ਮਹੱਤਵਪੂਰਨ ਹੈ, ਅਤੇ ਅਲਬਰਟਾ ਨਿਵਾਸੀਆਂ, ਕਮਿਊਨਿਟੀ ਸਮੂਹਾਂ, ਕਾਰੋਬਾਰੀ ਲੀਡਰਾਂ ਅਤੇ ਵਿੱਤ ਭਾਈਚਾਰੇ ਨਾਲ ਜਨਤਕ ਸਲਾਹ-ਮਸ਼ਵਰੇ ਦੁਆਰਾ, ਸਰਕਾਰ ਕੱਲ੍ਹ ਲਈ ਇੱਕ ਮਜ਼ਬੂਤ ਅਤੇ ਵਧੇਰੇ ਖੁਸ਼ਹਾਲ ਭਵਿੱਖ ਦਾ ਨਿਰਮਾਣ ਕਰ ਸਕਦੀ ਹੈ।

ਸਰਵੇਖਣ ਅਤੇ ਆਨਲਾਈਨ ਸਬਮਿਸ਼ਨ ਪੋਰਟਲ 19 ਜਨਵਰੀ, 2024 ਤੱਕ ਲਾਈਵ ਹਨ। ਟੈਲੀਫੋਨ ਟਾਊਨ ਹਾਲ 11 ਦਸੰਬਰ ਅਤੇ 12 ਦਸੰਬਰ ਨੂੰ ਹੋਣਗੇ। ਅਲਬਰਟਾ ਨਿਵਾਸੀ ਹਿੱਸਾ ਲੈਣ ਲਈ ਆਨਲਾਈਨ ਰਜਿਸਟਰ ਕਰ ਸਕਦੇ ਹਨ।

## ਮੁੱਖ ਤੱਥ

- ਪਿਛਲੇ ਸਾਲ, 23,780 ਅਲਬਰਟਾ ਨਿਵਾਸੀਆਂ ਨੇ ਬਜਟ 2023 ਆਨਲਾਈਨ ਸਰਵੇਖਣ ਪੂਰਾ ਕੀਤਾ ਅਤੇ ਲਗਭਗ 25,000 ਅਲਬਰਟਾ ਨਿਵਾਸੀਆਂ ਨੇ ਟੈਲੀਫੋਨ ਟਾਊਨ ਹਾਲਾਂ ਵਿੱਚ ਹਿੱਸਾ ਲਿਆ।
- ਅਲਬਰਟਾ ਨਿਵਾਸੀਆਂ ਨੇ ਸਿਹਤ ਸੰਭਾਲ, ਰਹਿਣ-ਸਹਿਣ ਦੀ ਲਾਗਤ ਅਤੇ ਮਹਿੰਗਾਈ ਸਮੇਤ ਪ੍ਰਮੁੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਪੇਸ਼ ਕੀਤੇ।
- ਸਰਕਾਰ ਨੂੰ ਲਗਭਗ 159 ਕੁੱਲ ਬਜਟ ਸਬਮਿਸ਼ਨਾਂ ਪ੍ਰਾਪਤ ਹੋਈਆਂ: 140 ਸਬਮਿਸ਼ਨ ਭਾਈਵਾਲਾਂ, ਜਿਵੇਂ ਕਿ ਵਿੱਤੀ ਐਸੋਸੀਏਸ਼ਨਾਂ ਅਤੇ ਕਮਿਊਨਿਟੀ ਸੰਸਥਾਵਾਂ ਤੋਂ ਆਈਆਂ, ਜਿਸ ਵਿੱਚੋਂ 19 ਸਬਮਿਸ਼ਨਾਂ ਇਕੱਲੇ ਅਲਬਰਟਾ ਨਿਵਾਸੀਆਂ ਵਲੋਂ ਸੀ।
- ਅਲਬਰਟਾ ਦਾ ਬਜਟ ਹਰ ਸਾਲ ਫਰਵਰੀ ਦੇ ਅੰਤ ਤੋਂ ਪਹਿਲਾਂ ਜਾਰੀ ਕੀਤਾ ਜਾਣਾ ਚਾਹੀਦਾ ਹੈ।

## ਸੰਬੰਧਿਤ ਜਾਣਕਾਰੀ

- ਬਜਟ ਸਲਾਹ-ਮਸ਼ਵਰਾ ਵੈੱਬ ਪੇਜ

## ਮੀਡੀਆ ਪੁੱਛਗਿੱਛ


### Savannah Johannsen (ਸਵੈਨਾ ਜੋਹੈਨਸਨ)

780-686-3521
ਪ੍ਰੈਸ ਸਕੱਤਰ, ਟ੍ਰੇਜ਼ਰੀ ਬੋਰਡ ਅਤੇ ਵਿੱਤ